# ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਐਲੀਮੈਂਟਰੀ) ਪੰਜਾਬ।

(ਕੰਪਲੈਕਸ ਪੰਜਾਬ ਸਕੂਲ ਐਜੂਕੇਸ਼ਨ ਬੋਰਡ, ਫੇਜ਼-8, ਬਲਾਕ-ਈ, ਐਸ.ਏ.ਐਸ.ਨਗਰ)

ਪਬਲਿਕ ਨੋਟਿਸ

ਨੰ: 825385/4 ਮਿਤੀ: 01-04-2025

01. ਸਿੱਖਿਆ ਵਿਭਾਗ ਵੱਲੋਂ ਪੰਜਾਬ ਰਾਜ ਦੇ ਪ੍ਰਾਇਮਰੀ ਸਕੂਲਾਂ ਵਿੱਚ ਈ ਟੀ ਟੀ ਕਾਡਰ ਦੀਆਂ 5994 ਅਸਾਮੀਆਂ ਭਰਨ ਲਈ ਮਿਤੀ 12.10.2022 ਨੂੰ ਵਿਗਿਆਪਨ ਪ੍ਰਕਾਸ਼ਿਤ ਕੀਤਾ ਗਿਆ ਸੀ, ਜਿਸ ਵਿਚ 3000 ਫਰੈਸ਼ ਅਸਾਮੀਆਂ ਅਤੇ 2994 ਰੋਸਟਰਾਂ ਦੇ ਬੈਕਲਾਗ ਦੀਆਂ ਫਰੈਸ਼ ਅਸਾਮੀਆਂ ਸ਼ਾਮਿਲ ਕੀਤੀਆਂ ਗਈਆਂ ਸਨ।

0.2 ਸਿੱਖਿਆ ਭਰਤੀ ਡਾਇਰੈਕਟੋਰੇਟ ਵੱਲੋਂ 5994 ਆਸਾਮੀਆਂ ਦਾ ਨਤੀਜਾ ਮਿਤੀ 05.03.2023 ਅਤੇ 01.09.2024 ਨੂੰ ਵੈਬਸਾਈਟ ਤੇ ਅਪਲੋਡ ਕੀਤਾ ਗਿਆ ਸੀ। ਪਰੰਤੂ ਕੋਰਟ ਕੇਸ ਦੇ ਫੈਸਲੇ ਦੇ ਸਨਮੁੱਖ ਸਿੱਖਿਆ ਭਰਤੀ ਡਾਇਰੈਕਟੋਰੇਟ ਵੱਲੋਂ ਵੱਖ-ਵੱਖ ਮਿਤੀਆਂ ਨੂੰ ਪਹਿਲਾਂ ਜਾਰੀ ਕੀਤੀਆਂ ਪ੍ਰੋਵੀਜ਼ਨਲ ਸਿਲੈਕਸ਼ਨ ਸੂਚੀਆਂ ਨੂੰ ਰੱਦ ਕਰਦੇ ਹੋਏ, ਰੀ-ਕਾਸਟ ਪ੍ਰੋਵੀਜਨਲ ਸਿਲੈਕਸਨ ਸੂਚੀ ਮਿਤੀ 04.02.2025 ਨੂੰ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕੀਤੀ ਗਈ।

0.3 ਉਕਤ ਰੀ-ਕਾਸਟ ਪ੍ਰੋਵੀਜਨਲ ਸਿਲੈਕਸਨ ਸੂਚੀ ਵਿਚਲੇ 5994 ਯੋਗ ਉਮੀਦਵਾਰਾਂ ਨੂੰ ਮਿਤੀ 15.02.2025 ਤੋਂ 20-02-2025 ਤੱਕ ਆਨਲਾਈਨ ਪੋਰਟਲ ਰਾਹੀਂ ਸਟੇਸ਼ਨ ਚੋਣ ਕਰਵਾਈ ਗਈ ਸੀ। ਸਟੇਸ਼ਨ ਚੁਆਇਸ ਅਨੁਸਾਰ ਰੀ ਕਾਸਟ ਪ੍ਰੋਵੀਜ਼ਨਲ ਸਿਲੈਕਸ਼ਨ ਸੂਚੀ ਵਿਚਲੇ ਪਹਿਲੇ 700 ਯੋਗ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਵੱਲੋਂ ਵਿਖੇ ਮਿਤੀ 01-04-2025 ਨੂੰ ਰਾਜ ਪੱਧਰੀ ਸਮਾਗਮ ਦੌਰਾਨ ਆਪਣੇ ਕਰ ਕਮਲਾਂ ਨਾਲ ਦਿੱਤੇ ਗਏ ਹਨ। ਇਸ ਤੋਂ ਬਾਅਦ ਵਾਲੇ ਯੋਗ ਉਮੀਦਵਾਰ ਨਿਯੁਕਤੀ ਪੱਤਰ ਨੱਥੀ ਸੂਚੀ ਅਨੁਸਾਰ ਆਪਣਾ ਆਈ.ਡੀ.ਪਰੂਫ ਅਤੇ ਲੋੜੀਂਦੇ ਦਸਤਾਵੇਜ ਲੈ ਕੇ ਮਿਤੀ 02.04.2025 ਨੂੰ ਸਬੰਧਤ ਦਫਤਰ ਜਿਲ੍ਹਾ ਸਿੱਖਿਆ ਅਫਸਰ (ਐਸਿ) ਵਿਖੇ ਪਹੁੰਚ ਕੇ ਪ੍ਰਾਪਤ ਕਰਨਾ ਯਕੀਨੀ ਬਣਾਉਣ।

ਸਹਾਇਕ ਡਾਇਰੈਕਟਰ (ਅਮਲਾ-2)